FAI CISL
Federazione Agricola
Alimentare Ambientale
Industriale Italiana

Fondo FISA

PUNJABI - ਪੰਜਾਬੀ

# ਖੇਤੀਬਾੜੀ ਦੇ ਕਰਮਚਾਰੀਆਂ ਲਈ ਸਹਿਤ ਸਬੰਧੀ ਰੱਖਿਆ

# La tutela sanitaria per i lavoratori agricoli




**FAI CISL MILANO METROPOLI**

MILANO - CORSO BUENOS AIRES 23 - TEL 02.83640372
MELEGNANO - FORNASIER G. : 3481306500
FONTANA M. : 3458705714

## ਤੁਹਾਡੇ ਅਤੇ ਤੁਹਾਡੇ ਪਰਿਵਾਰ ਲਈ ਸਿਹਤ ਸਬੰਧੀ ਰੱਖਿਆ

*ਕੀ ਤੁਸੀਂ ਖੇਤੀਬਾੜੀ ਵਿੱਚ ਕੰਮ ਕਰਨ ਵਾਲੇ ਪੁਰਸ਼ ਜਾਂ ਔਰਤ ਹੋ? ਕੀ ਤੁਸੀਂ ਖਾਸ ਮੁਆਇਨਿਆਂ ਅਤੇ/ਜਾਂ ਸਰਜਰੀ ਲਈ ਸਿਹਤ ਸਬੰਧੀ ਲਾਗਤਾਂ ਖਰਚ ਕੀਤੀਆਂ ਹਨ? ਤੁਹਾਡੇ ਜਾਂ ਤੁਹਾਡੇ ਪਰਿਵਾਰ ਲਈ? ਫਿਸਾ (ਫੋਂਡੋ ਇੰਟੇਗ੍ਰਾਟਿਵੋ ਸੈਨਿਟਾਰੀਓ ਲਾਵੋਰਾਟੋਰੀ ਐਗ੍ਰਿਕੋਲੀ ਈ ਫਲੋਰੋਵਿਵਾਇਸਟੀ [ਖੇਤੀਬਾੜੀ ਦੇ ਕਰਮਚਾਰੀਆਂ ਅਤੇ ਨਰਸਰੀ ਦੇ ਮਾਲੀਆਂ ਲਈ ਪੂਰਕ ਫੰਡ] ਇੱਥੇ ਤੁਹਾਡੀ ਮਦਦ ਕਰਨ ਲਈ ਉਪਲਬਧ ਹੈ।*

ਇਹ ਰੋਜ਼ਗਾਰ ਇਕਰਾਰਨਾਮੇ ਦੇ ਤਹਿਤ ਸਾਧਿਤ, ਇੱਕ ਮਹੱਤਵਪੂਰਨ ਸੰਧ ਹੈ, ਜੋ ਡਾਕਟਰੀ ਮੁਆਇਨਿਆਂ, ਹਸਪਤਾਲ ਦੇ ਦਾਖਲੇ ਜਾਂ ਕੰਮ ਤੇ ਦੁਰਘਟਨਾਵਾਂ ਸਬੰਧੀ ਘਟਨਾਵਾਂ ਵਿੱਚ ਤੁਹਾਡੇ ਅਤੇ ਤੁਹਾਡੇ ਪਰਿਵਾਰ ਲਈ ਕਾਫੀ ਉਪਯੋਗੀ ਹੈ।

ਫਿਸਾ ਸਾਰੇ ਖੇਤੀਬਾੜੀ ਦੇ ਕਰਮਚਾਰੀਆਂ ਅਤੇ ਨਰਸਰੀ ਮਾਲੀਆਂ, ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਇੱਕ ਸਹਾਇਕ ਸਕੀਮ ਦੀ ਗਰੰਟੀ ਦਿੰਦੀ ਹੈ ਜੋ ਆਰਥਿਕ ਮਦਦ ਦੇ ਨਾਲ-ਨਾਲ ਰਾਸ਼ਟਰੀ ਸਿਹਤ ਸੇਵਾ ਦੀ ਪੂਰਤੀ ਕਰਦੀ ਹੈ ਜੋ ਕਿ ਲੋੜ ਦੇ ਸਮੇਂ ਤੇ ਕਾਫੀ ਉਪਯੋਗੀ ਹੁੰਦੀ ਹੈ।

**ਸਾਡੇ ਸੰਘ ਦੁਆਰਾ ਹਸਤਾਖਰ ਕੀਤੇ ਰਾਸ਼ਟਰੀ ਮਜ਼ਦੂਰੀ ਇਕਰਾਰਨਾਮੇ ਦੇ ਤਹਿਤ, ਫਿਸਾ ਦੀ ਲਾਗਤ ਨੂੰ ਪੂਰੀ ਤਰ੍ਹਾਂ ਕੰਪਨੀਆਂ ਦੁਆਰਾ ਝੱਲਿਆ ਜਾਂਦਾ ਹੈ। ਕਰਮਚਾਰੀ ਇਸ ਫੰਡ ਵਿੱਚ ਸ਼ਾਮਲ ਹੋਣ ਲਈ ਕੋਈ ਵੀ ਭੁਗਤਾਨ ਨਹੀਂ ਕਰਦੇ ਹਨ, ਇਸ ਤਰ੍ਹਾਂ ਇਸ ਦੇ ਫਾਇਦੇ ਮੁਫਤ ਹਨ।**

## ਪੂਰਕ ਸਿਹਤ ਸਬੰਧੀ ਸੇਵਾਵਾਂ ਨੂੰ ਹੇਠਾਂ ਦਿੱਤਾ ਗਿਆ ਹੈ ਜੋ ਫੰਡ ਪ੍ਰਦਾਨ ਕਰਦਾ ਹੈ:

### ਪੂਰੇ ਪਰਿਵਾਰ ਲਈ

- ਸਰਜਰੀ ਦੇ ਨਾਲ ਅਤੇ ਇਸ ਤੋਂ ਬਿਨਾਂ ਹਸਪਤਾਲ ਵਿੱਚ ਭਰਤੀ ਹੋਣਾ
- ਗੈਰ-ਸੀਜ਼ੇਰਿਅਨ ਜਣੇਪੇ ਲਈ ਮੁਆਵਜ਼ਾ
- ਸਰਜਰੀ ਵਾਲੇ ਦਿਨ ਦਾ ਹਸਪਤਾਲ ਜਾਂ ਓਂਕੋਲੋਜਿਕਲ ਬਿਮਾਰੀਆਂ (ਕੀਮੋਥੈਰੇਪੀ, ਕੋਬਾਲਟ ਥੈਰੇਪੀ, ਰੇਡੀਓਥੈਰੇਪੀ) ਦੀ ਦੇਖਭਾਲ ਅਤੇ ਇਲਾਜ ਲਈ ਅਤੇ ਡਾਇਲਿਸਿਸ ਲਈ
- ਡਰਮਾਟੋਲੋਜੀ ਅਤੇ ਓਫਥਾਲਮੋਲੋਜੀ ਲਈ ਮਰੀਜ਼ ਦੀ ਸਰਜਰੀ
- ਉਚੇਰੇ ਤੌਰ ਤੇ ਖਾਸ ਮੁਆਇਨੇ (ਐਮਆਰਆਈ, ਸੀਏਟੀ ਸਕੈਨ, ਆਦਿ)
- ਸੱਟ ਅਤੇ ਖਾਸ ਰੋਗ-ਨਿਦਾਨਾਂ ਤੋਂ ਸਿੱਟਾ ਹੋਣ ਵਾਲੇ ਮੁੜ-ਵਸੇਬੇ ਦੇ ਭੌਤਿਕ-ਚਿਕਿਤਸਾ ਇਲਾਜ
- ਪ੍ਰੋਸਥੇਸਿਸ/ਓਰਥੋਪੈਡਿਕ ਅਤੇ ਅਕੂਸਟਿਕ ਡਾਕਟਰੀ ਸਹਾਇਤਾ
- ਦੁਰਘਟਨਾ ਦੇ ਕਾਰਣ ਹੋਣ ਵਾਲਾ ਦੰਦਾਂ ਸਬੰਧੀ ਇਲਾਜ

FAI CISL
Federazione Agricola
Alimentare Ambientale
Industriale Italiana

FAI CISL
Federazione Agricola
Alimentare Ambientale
Industriale Italiana

### ਸਿਰਫ ਮੈਂਬਰਾਂ ਲਈ ਹੀ

- ਗੈਰ- ਆਤਮ ਨਿਰਭਰਤਾ ਦੇ ਹਲਾਤ
- ਸੱਟਾਂ
- ਖ਼ੂਨ ਦੀਆਂ ਜਾਂਚਾਂ
- ਖਾਸ ਮੁਆਇਨੇ
- ਬਿਮਾਰੀ ਜਾਂ ਦੁਰਘਟਨਾ ਦੇ ਕਰਕੇ ਹਸਪਤਾਲ ਵਿੱਚ ਭਰਤੀ ਹੋਣ ਤੋਂ ਬਾਅਦ ਭੌਤਿਕ-ਚਿਕਿਤਸਾ, ਕਿਨੇਸੀਥੈਰੇਪੀ, ਕਾਰਡੀਓਲੋਜੀ ਅਤੇ ਨਿਓਰੋਮੋਟਰ ਮੁੜ-ਵਸੇਬਾ।

**ਹੋਰ ਜਾਣਕਾਰੀ ਲਈ, ਐਫਏਆਈ ਸੀਆਈਐਸਐਲ ਨਾਲ ਸੰਪਰਕ ਕਰੋ**

## ਈਬੈਨ ਪ੍ਰਦਰਸ਼ਨ

eban
ENTE
BILATERALE
AGRICOLO
NAZIONALE

ਈਬੈਨ (ਐਂਟੇ ਬਿਲੇਟਰੇਲ ਐਗ੍ਰਿਕੋਲੋ ਨੈਸ਼ਨੇਲ [ਨੈਸ਼ਨਲ ਐਗ੍ਰਿਕਲਚਰ ਬਿਲੇਟਰਲ ਏਜੰਸੀ]) – ਇਸ ਦੀ ਖੇਤੀਬਾੜੀ ਦੇ ਕਰਮਚਾਰੀਆਂ ਅਤੇ ਮਾਲਕਾਂ ਦੇ ਨੁਮਾਇੰਦਿਆਂ ਦੁਆਰਾ ਸਥਾਪਨਾ ਕੀਤੀ ਗਈ ਹੈ ਅਤੇ ਇਸ ਨੂੰ ਰਾਸ਼ਟਰੀ ਇਕਰਾਰਨਾਮੇ ਦੇ ਤਹਿਤ ਇਸ ਲਈ ਪ੍ਰਦਾਨ ਕੀਤਾ ਗਿਆ ਹੈ - ਇਸ ਦੇ ਇਲਾਵਾ, ਆਮਦਨੀ ਦੇ ਸਮਰਥਨ ਲਈ ਕਈ ਫਾਇਦਿਆਂ ਦੀ ਪੇਸ਼ਕਸ਼ ਕਰਦਾ ਹੈ। ਈਬੈਨ ਨੂੰ ਕੀਤੇ ਗਏ ਹੁਣ ਤਕ ਦੇ ਭੁਗਤਾਨਾਂ ਦੇ ਨਾਲ ਵਪਾਰਕ ਖੇਤਾਂ ਦੁਆਰਾ ਨਿਯੁਕਤ ਕੀਤੇ, ਇੱਕ ਸਥਾਈ ਇਕਰਾਰਨਾਮੇ ਵਾਲੇ ਖੇਤੀਬਾੜੀ ਦੇ ਕਰਮਚਾਰੀਆਂ ਨੂੰ ਹੇਠਾਂ ਦਿੱਤੇ ਮੁਆਵਜ਼ਿਆਂ ਲਈ ਹੱਕਦਾਰ ਕੀਤਾ ਜਾਂਦਾ ਹੈ:

- **ਬਰਖਾਸਤਗੀ:** ਜੇ ਸਾਲ ਦੇ ਆਖਿਰੀ ਚਾਰ ਮਹੀਨਿਆਂ ਵਿੱਚ ਬਰਖਾਸਤ ਕੀਤਾ ਜਾਂਦਾ ਹੈ, ਤਾਂ ਉਹ ਤਿੰਨ ਮਹੀਨਿਆਂ ਲਈ ਰਾਸ਼ਟਰੀ ਸਮੂਹਕ ਮਜ਼ਦੂਰੀ ਦੇ ਇਕਰਾਰਨਾਮੇ ਦੇ ਖੇਤਰ 2 ਲਈ 30% ਨਿਮਨਤਮ ਦਿਹਾੜੀ ਲਈ ਹੱਕਦਾਰ ਹੁੰਦੇ ਹਨ;
- **ਜਣੇਪਾ/ਪਿਤਾਗੀ:** ਵਿਕਲਪਿਕ ਅਲਹਿਦਗੀ (ਪਿਤਾਗੀ ਛੁੱਟੀ) ਵਿੱਚ, ਉਹ ਛੇ ਮਹੀਨਿਆਂ ਲਈ ਰਾਸ਼ਟਰੀ ਸਮੂਹਕ ਮਜ਼ਦੂਰੀ ਦੇ ਇਕਰਾਰਨਾਮੇ ਦੇ ਖੇਤਰ 2 ਲਈ 40% ਨਿਮਨਤਮ ਦਿਹਾੜੀ ਲਈ ਹੱਕਦਾਰ ਹੁੰਦੇ ਹਨ;
- **ਓਂਕੋਲੋਜਿਕਲ ਬਿਮਾਰੀਆਂ:** ਗੈਰ-ਭੁਗਤਾਨ ਵਾਲੀ ਛੁੱਟੀ (ਲੇਖ 60 ਅਤੇ 61, ਸੀਸੀਐਨਐਲ), ਛੇ ਮਹੀਨਿਆਂ ਲਈ ਰਾਸ਼ਟਰੀ ਸਮੂਹਕ ਮਜ਼ਦੂਰੀ ਦੇ ਇਕਰਾਰਨਾਮੇ ਦੇ ਖੇਤਰ 2 ਲਈ 80% ਨਿਮਨਤਮ ਦਿਹਾੜੀ ਲਈ ਹੱਕਦਾਰ ਹੁੰਦੇ ਹਨ;
- **ਲਿੰਗੀ ਹਿੰਸਾ ਦੇ ਸ਼ਿਕਾਰ:** ਲਿੰਗ-ਅਧਾਰਤ ਹਿੰਸਾ ਨਾਲ ਸਬੰਧਤ ਰੱਖਿਅਕ ਪ੍ਰੋਗਰਾਮਾਂ ਦੇ ਤਹਿਤ ਔਰਤਾਂ, ਜੋ ਛੁੱਟੀਆਂ ਲੈਂਦੀਆਂ ਹਨ, **ਕਾਨੂੰਨ ਦੁਆਰਾ ਪ੍ਰਦਾਨ ਕੀਤੇ ਤਿੰਨ ਮਹੀਨਿਆਂ ਦੀ ਤਨਖ਼ਾਹ ਵਾਲੀ ਛੁੱਟੀ ਤੋਂ ਬਾਅਦ ਦੇ ਦੋ ਮਹੀਨਿਆਂ ਲਈ ਰਾਸ਼ਟਰੀ ਸਮੂਹਕ ਮਜ਼ਦੂਰੀ ਦੇ ਇਕਰਾਰਨਾਮੇ ਦੇ ਖੇਤਰ 2 ਲਈ 100% ਨਿਮਨਤਮ ਆਮਦਨੀ** ਲਈ ਹੱਕਦਾਰ ਹੁੰਦੀਆਂ ਹਨ

**ਹੋਰ ਜਾਣਕਾਰੀ ਲਈ, ਐਫਏਆਈ ਸੀਆਈਐਸਐਲ ਨਾਲ ਸੰਪਰਕ ਕਰੋ**